# ਪਸ਼ੂ ਨਸਲ ਵਾਧਾ ਫਾਰਮ ਬਣਾਉਣ ਲਈ 2 ਕਰੋੜ ਰੁਪਏ ਤੱਕ ਦੀ ਸਬਸਿਡੀ

ਭਾਰਤ ਸਰਕਾਰ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ (ਡੀ ਏ ਐਚ ਡੀ) ਨੇ ਆਪਣੇ ਰਾਸ਼ਟਰੀ ਗੋਕੁਲ ਮਿਸ਼ਨ (ਆਰ ਜੀ ਐਮ) ਦੇ ਤਹਿਤ ਕਿਸਾਨਾਂ ਨੂੰ ਗਾਵਾਂ ਅਤੇ ਮੱਝਾਂ ਦੀਆਂ ਨਸਲਾਂ ਦੀਆਂ ਉੱਚ ਆਨੁਵੰਸ਼ਿਕ ਯੋਗਤਾ ਵਾਲੀਆਂ ਵੱਛੀਆਂ-ਕੱਟੀਆਂ ਸੁਲੱਭ ਕਰਾਉਣ ਲਈ ਉੱਦਮਤਾ ਮਾਡਲ ਰਾਹੀਂ ਨਸਲ ਵਾਧਾ ਫਾਰਮ ਦੀ ਸਥਾਪਨਾ ਦੀ ਸਹੂਲਤ ਲਈ ਇੱਕ ਪ੍ਰਾਜੈੱਕਟ ਨੂੰ ਮਨਜ਼ੂਰੀ ਦਿੱਤੀ ਹੈ। ਨਸਲ ਵਾਧਾ ਫਾਰਮ ਉੱਦਮਤਾ ਯੋਜਨਾ ਰਾਸ਼ਟਰੀ ਡੇਅਰੀ ਵਿਕਾਸ ਬੋਰਡ (ਐਨ ਡੀ ਡੀ ਬੀ) ਰਾਹੀਂ ਲਾਗੂ ਕੀਤੀ ਜਾ ਰਹੀ ਹੈ।

ਯੋਜਨਾ ਤਹਿਤ ਪਸ਼ੂ ਸ਼ੈੱਡ ਦੇ ਨਿਰਮਾਣ, ਸਾਜ਼ੋ-ਸਾਮਾਨ ਅਤੇ ਕੁਲੀਨ ਬਲਦ ਮਾਵਾਂ ਦੀ ਖਰੀਦ ਆਦਿ ਲਈ ਦਿਲਚਸਪੀ ਰੱਖਣ ਵਾਲੇ ਉੱਦਮੀਆਂ ਨੂੰ ਪੂੰਜੀ ਦੇ 50% ਤੱਕ ਦੀ ਸਬਸਿਡੀ (2 ਕਰੋੜ ਰੁਪਏ ਤੱਕ ਸੀਮਤ) ਉਪਲਬਧ ਹੈ। ਉੱਦਮੀਆਂ ਨੂੰ ਨਸਲ ਵਾਧਾ ਫਾਰਮ (ਬੀ ਐਮ ਐਫ) ਬਣਾ ਕੇ ਸੈਕਸਡ ਸੀਮਨ ਜਾਂ ਆਈ ਵੀ ਐਫ ਤਕਨਾਲੋਜੀ ਦੀ ਵਰਤੋਂ ਕਰਕੇ ਕੁਲੀਨ ਵੱਛੀਆਂ-ਕੱਟੀਆਂ ਪੈਦਾ ਕਰਨੀਆਂ ਹੁੰਦੀਆਂ ਹਨ।

ਸਕੀਮ ਬਾਰੇ ਪੂਰੀ ਜਾਣਕਾਰੀ https://dahd.nic.in ਅਤੇ https://www.nddb.coop ਵੈੱਬਸਾਈਟਾਂ 'ਤੇ ਦਿੱਤੀ ਗਈ ਹੈ।

## ਨਸਲ ਗੁਣਾ ਵਾਧਾ ਉੱਦਮਤਾ ਯੋਜਨਾ ਦੇ ਉਦੇਸ਼

- ਗਾਵਾਂ ਅਤੇ ਮੱਝਾਂ ਦੇ ਪਾਲਣ ਲਈ ਨਿੱਜੀ ਉੱਦਮੀਆਂ ਨੂੰ ਵਿਕਸਤ ਕਰਨਾ।
- ਤਰਜੀਹੀ ਤੌਰ 'ਤੇ ਬਿਮਾਰੀ-ਰਹਿਤ ਵੱਧ ਦੁੱਧ ਦੇਣ ਵਾਲੀਆਂ ਦੇਸੀ ਨਸਲ ਦੀਆਂ ਗਾਵਾਂ-ਮੱਝਾਂ/ਗਰਭਵਤੀ ਗਾਵਾਂ-ਮੱਝਾਂ ਉਪਲਬਧ ਕਰਵਾਉਣਾ।
- ਨਿੱਜੀ ਉੱਦਮੀਆਂ, ਕਿਸਾਨ ਉਤਪਾਦਕ ਸੰਸਥਾਵਾਂ (ਐਫ ਪੀ ਓ), ਸਵੈ-ਸਹਾਇਤਾ ਸਮੂਹਾਂ (ਐਸ ਐਚ ਜੀ), ਸੰਯੁਕਤ ਦੇਣਦਾਰੀ ਸਮੂਹਾਂ (ਜੇ ਐਲ ਜੀ) ਅਤੇ ਸੈਕਸ਼ਨ 8 ਕੰਪਨੀਆਂ ਨੂੰ ਨਸਲ ਗੁਣਾ ਵਾਧਾ ਫਾਰਮ ਦੀ ਸਥਾਪਨਾ ਲਈ ਉਤਸ਼ਾਹਤ ਕਰਨਾ।
- ਪਸ਼ੂਆਂ ਦੇ ਪੋਸ਼ਣ ਅਤੇ ਬਿਮਾਰੀਆਂ ਦੀ ਰੋਕਥਾਮ ਆਦਿ ਸਮੇਤ ਵਿਗਿਆਨਕ ਪ੍ਰਬੰਧਨ ਅਭਿਆਸਾਂ ਬਾਰੇ ਜਾਗਰੂਕਤਾ ਫੈਲਾਉਣਾ।
- ਆਈ ਵੀ ਐਫ ਤਕਨਾਲੋਜੀ ਅਤੇ ਸੈਕਸਡ ਸੀਮਨ ਸਮੇਤ ਵਿਗਿਆਨਕ ਪ੍ਰਜਨਨ ਰਾਹੀਂ ਉੱਚ-ਉਪਜ ਵਾਲੇ ਦੁਧਾਰੂ ਪੁਸ਼ੂਆਂ ਨੂੰ ਵਧਾਉਣਾ।

## ਉੱਦਮੀਆਂ ਦੀ ਚੋਣ ਲਈ ਜ਼ਰੂਰੀ ਮਾਪਦੰਡ

- ਉੱਦਮੀ ਇੱਕ ਨਿਜੀ ਵਿਅਕਤੀ/ਕਿਸਾਨ ਉਤਪਾਦਕ ਸੰਸਥਾ (ਐਫ ਪੀ ਓ), ਕਿਸਾਨ ਸਹਿਕਾਰੀ ਸੰਸਥਾ, ਸਵੈ-ਸਹਾਇਤਾ ਸਮੂਹ (ਐਸ ਐਚ ਜੀ), ਸੰਯੁਕਤ ਦੇਣਦਾਰੀ ਸਮੂਹ (ਜੇ ਐਲ ਜੀ) ਜਾਂ ਸੈਕਸ਼ਨ 8 ਕੰਪਨੀ ਹੋ ਸਕਦਾ ਹੈ।

- ਉੱਦਮੀਆਂ ਨੂੰ ਪਸ਼ੂਆਂ ਦੇ ਪ੍ਰਜਨਨ ਜਾਂ ਪਾਲਣ ਦਾ ਢੁੱਕਵਾਂ ਤਜਰਬਾ ਹੋਣਾ ਚਾਹੀਦਾ ਹੈ।
- ਉੱਦਮੀ ਢੁੱਕਵੇਂ ਆਕਾਰ ਦੀ ਜ਼ਮੀਨ ਅਤੇ ਥਾਂ ਦੇ ਪ੍ਰਬੰਧ ਲਈ ਜ਼ਿੰਮੇਵਾਰ ਹੋਵੇਗਾ। ਘੱਟੋ-ਘੱਟ 200 ਪਸ਼ੂਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਰੱਖਣ ਲਈ ਜ਼ਮੀਨ ਦੇ ਢੁੱਕਵੇਂ ਆਕਾਰ ਦੀ ਮਾਲਕੀ/ਲੀਜ਼ ਡੀਡ ਹੋਵੇ।
- ਨਸਲ ਵਾਧਾ ਫਾਰਮ ਦੀ ਸਥਾਪਨਾ ਲਈ ਪਸ਼ੂ ਪਾਲਣ ਬੁਨਿਆਦੀ ਢਾਂਚਾ ਵਿਕਾਸ ਫੰਡ (ਏ ਐਚ ਆਈ ਡੀ ਐਫ) ਦੇ ਅਧੀਨ ਕਰਜ਼ੇ ਦੀ ਸਹੂਲਤ ਪ੍ਰਾਪਤ ਕਰਨ ਵਾਲੇ ਕਿਸੇ ਵੀ ਵਿਅਕਤੀ/ਸੰਸਥਾ ਨੂੰ ਨਸਲ ਵਾਧਾ ਫਾਰਮ ਦੇ ਤਹਿਤ ਸਬਸਿਡੀ ਪ੍ਰਾਪਤ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ।
- ਉੱਦਮੀ ਫਾਰਮ ਦੀ ਲੋੜ ਅਨੁਸਾਰ ਫੀਡ ਅਤੇ ਚਾਰੇ ਦੀ ਖਰੀਦ ਲਈ ਆਪਣਾ ਪ੍ਰਬੰਧ ਕਰੇਗਾ।
- ਉੱਦਮੀ ਘੱਟੋ-ਘੱਟ 200 ਦੁਧਾਰੂ ਗਾਵਾਂ/ਮੱਝਾਂ ਦਾ ਇੱਕ ਨਸਲ ਵਾਧਾ ਫਾਰਮ ਸਥਾਪਿਤ ਕਰੇਗਾ ਅਤੇ ਭੰਡਾਰ ਨੂੰ ਲਗਾਤਾਰ ਅੱਪਗ੍ਰੇਡ ਕਰਨ ਲਈ ਨਵੀਨਤਮ ਪ੍ਰਜਨਨ ਤਕਨਾਲੋਜੀ ਦੀ ਵਰਤੋਂ ਕਰੇਗਾ।
- ਉੱਦਮੀ ਘੱਟੋ-ਘੱਟ 90 ਕੁਲੀਨ ਵੱਛੀਆਂ ਅਤੇ 70 ਕੁਲੀਨ ਕੱਟੀਆਂ ਹਰ ਸਾਲ ਫਾਰਮ ਵਿੱਚ ਪੈਦਾ ਹੋਏ ਕੁੱਲ ਬੱਚਿਆਂ ਵਿੱਚੋਂ ਲਾਗਤ ਦੇ ਆਧਾਰ 'ਤੇ ਕਿਸਾਨਾਂ ਨੂੰ ਉਪਲਬਧ ਕਰਵਾ ਸਕਦਾ ਹੈ। ਉੱਦਮੀ ਵੱਲੋਂ ਵੱਛੀਆਂ-ਕੱਟੀਆਂ ਦੇ ਉਤਪਾਦਨ ਲਈ ਸੈਕਸਡ ਸੀਮਨ ਅਤੇ ਆਈ ਵੀ ਐਫ ਤਕਨੀਕ ਦੀ ਵਰਤੋਂ ਕੀਤੀ ਜਾਵੇਗੀ। ਬਾਕੀ

ਵੱਛੀਆਂ-ਕੱਟੀਆਂ ਨੂੰ ਫਾਰਮ ਵਿੱਚ ਉਪਲਬਧ ਭੰਡਾਰ ਨੂੰ ਬਦਲਣ ਲਈ ਵਰਤਿਆ ਜਾ ਸਕਦਾ ਹੈ।

- ਉੱਦਮੀ ਡੇਅਰੀ ਦੇ ਕਾਰੋਬਾਰ ਦਿਲਚਸਪੀ ਰੱਖਣ ਵਾਲੇ ਕਿਸਾਨਾਂ/ਛੋਟੇ ਉੱਦਮੀਆਂ ਨੂੰ ਵੱਧ ਦੁੱਧ ਦੇਣ ਵਾਲੀਆਂ ਗਾਵਾਂ-ਮੱਝਾਂ/ਗਰਭਵਤੀ ਗਾਵਾਂ-ਮੱਝਾਂ ਉਪਲਬਧ ਕਰਵਾਏਗਾ। ਉੱਦਮੀ ਕਿਸਾਨਾਂ ਨੂੰ ਪਸ਼ੂਆਂ ਦੇ ਪੋਸ਼ਣ, ਟੀਕਾਕਰਨ, ਬਿਮਾਰੀਆਂ ਦੀ ਜਾਂਚ, ਬਾਇਓ-ਸੁਰੱਖਿਆ ਬਣਾਈ ਰੱਖਣ ਆਦਿ ਬਾਰੇ ਅਤੇ ਕਿਸਾਨਾਂ ਨੂੰ ਪਸ਼ੂਆਂ ਦੇ ਇਲਾਜ ਲਈ ਵੀ ਮਾਰਗ ਦਰਸ਼ਨ ਕਰਨਗੇ।